Adda247
GET IT ON Google Play

Civil Services (Main) Examination, 2024

PHKM-C-PNJB

# ਪੰਜਾਬੀ / PUNJABI

( ਲਾਜ਼ਮੀ ) / ( Compulsory )

| | |
|---|---|
| ਨਿਰਧਾਰਿਤ ਸਮਾਂ : **ਤਿੰਨ ਘੰਟੇ** | ਕੁੱਲ ਅੰਕ : **300** |
| *Time Allowed :* ***Three*** *Hours* | *Maximum Marks :* ***300*** |

## ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ, ਨਿਮਨ ਲਿਖਿਤ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।*

*ਹਰ ਪ੍ਰਸ਼ਨ ਦੇ ਅੰਕ, ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।*

*ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ, ਤਾਂ ਉਸ ਦਾ ਉੱਤਰ* ***ਪੰਜਾਬੀ (ਗੁਰਮੁਖੀ ਲਿਪੀ)*** *ਵਿੱਚ ਹੀ ਲਿਖੋ ।*

*ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ, ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ, ਤਾਂ ਅੰਕ ਕੱਟੇ ਜਾ ਸਕਦੇ ਹਨ ।*

*ਉੱਤਰ-ਕਾਪੀ ਦੇ ਖਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।*

Adda247

## Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question is indicated against it.*

*Answers must be written in* ***PUNJABI (Gurumukhi script)*** *unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer (QCA) Booklet must be clearly struck off.*

Adda247 GET IT ON Google Play

**Q1. ਹੇਠ ਲਿਖਿਆਂ ਵਿਚੋਂ ਕਿਸੇ *ਇੱਕ* ਵਿਸ਼ੇ ਬਾਰੇ 600 ਸ਼ਬਦਾਂ ਦਾ ਨਿਬੰਧ ਲਿਖੋ :** *100*

(a) ਲੋਕਤੰਤਰ ਅਤੇ ਅਭਿਵਿਅਕਤੀ ਦੀ ਸੁਤੰਤਰਤਾ

(b) ਕੀ ਭਾਰਤ ਵਿੱਚ ਪੀਣ ਵਾਲੇ ਪਾਣੀ ਦਾ ਸੰਕਟ ਅਟੱਲ ਹੈ ?

(c) ਕਬੀਲਾ ਸੰਸਕ੍ਰਿਤੀ ਸਾਂਭ-ਸੰਭਾਲ : ਯਤਨ ਅਤੇ ਸੰਭਾਵਨਾਵਾਂ

(d) ਥੋਥਾ ਚਨਾ ਵਜੇ ਘਨੇਰਾ

**Q2. ਹੇਠ ਲਿਖੇ ਗੱਦ-ਟੋਟੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸਪੱਸ਼ਟ, ਸਹੀ ਅਤੇ ਸੰਖੇਪ ਭਾਸ਼ਾ ਵਿੱਚ ਦਿਉ :** *12×5=60*

ਆਲੋਚਨਾ, ਸਾਹਿਤ ਦਾ ਇੱਕ ਅੰਗ ਮੰਨੀ ਜਾਂਦੀ ਹੈ, ਕਿਉਂਕਿ ਉਹ ਸਾਹਿਤ ਨੂੰ ਆਪਣੀ ਸੀਮਾ ਦੇ ਅੰਦਰ ਰੱਖਣ ਦਾ ਪ੍ਰਬੰਧ ਕਰਦੀ ਹੈ । ਜਦੋਂ ਕਦੀਂ ਸਾਹਿਤ ਵਿੱਚ ਅਜਿਹੀ ਵਸਤੂ ਸੰਮਿਲਤ ਹੋ ਜਾਂਦੀ ਹੈ, ਜੋ ਉਸਦੇ ਪ੍ਰਵਾਹ ਵਿੱਚ ਰੁਕਾਵਟ ਬਣਦੀ ਹੈ, ਉੱਥੇ ਹੀ ਸਾਹਿਤ ਵਿੱਚ ਦੋਸ਼ ਪ੍ਰਵੇਸ਼ ਕਰ ਜਾਂਦਾ ਹੈ । ਠੀਕ ਉਸੇ ਤਰ੍ਹਾਂ, ਜਿਵੇਂ ਸੰਗੀਤ ਵਿੱਚ ਕੋਈ ਬੇਸੁਰੀ ਧੁਨੀ, ਉਸ ਨੂੰ ਦੂਸ਼ਿਤ ਕਰ ਦੇਂਦੀ ਹੈ ।

ਸਾਡੀਆਂ ਸੱਚੀਆਂ ਭਾਵਨਾਵਾਂ ਦੇ ਪ੍ਰਗਟਾਵੇ ਵਿੱਚ ਹੀ, ਅਨੰਦ ਪ੍ਰਕਾਸ਼ਮਾਨ ਹੁੰਦਾ ਹੈ । ਝੂਠੀਆਂ ਭਾਵਨਾਵਾਂ ਵਿੱਚ ਤਾਂ ਦੁੱਖ ਦਾ ਹੀ ਅਨੁਭਵ ਹੁੰਦਾ ਹੈ । ਹੋ ਸਕਦਾ ਹੈ ਕਿ ਕਿਸੇ ਮਨੁੱਖ ਨੂੰ ਝੂਠੀਆਂ ਭਾਵਨਾਵਾਂ ਵਿੱਚ ਹੀ, ਅਨੰਦ ਮਿਲਦਾ ਹੋਵੇ । ਹਿੰਸਾ ਕਰਕੇ, ਜਾਂ ਕਿਸੇ ਦੇ ਸਰਮਾਏ ਨੂੰ ਹੜੱਪਣ ਕਰਕੇ ਅਤੇ ਜਾਂ ਫਿਰ, ਆਪਣੇ ਸਵਾਰਥ ਦੀ ਪੂਰਤੀ ਲਈ ਕਿਸੇ ਨੂੰ ਨੁਕਸਾਨ ਪਹੁੰਚਾਉਣ ਕਰਕੇ ਵੀ, ਕੁੱਝ ਲੋਕ ਆਨੰਦਿਤ ਮਹਿਸੂਸ ਕਰਦੇ ਹਨ । ਪਰ, ਇਹ ਮਨ ਦੀ ਸੁਭਾਵਕ ਪ੍ਰਵਿਰਤੀ ਨਹੀਂ ਹੈ । ਚੋਰ ਨੂੰ ਰੌਸ਼ਨੀ ਨਾਲੋਂ, ਹਨੇਰਾ ਵਧੇਰੇ ਪਸੰਦ ਹੁੰਦਾ ਹੈ । ਪਰ, ਇਸ ਨਾਲ, ਰੌਸ਼ਨੀ ਦੀ ਸ੍ਰੇਸ਼ਠਤਾ ਨਿਰੰਤਰ ਕਾਇਮ ਰਹਿੰਦੀ ਹੈ ।

ਜਿਨ੍ਹਾਂ ਭਾਵਨਾਵਾਂ ਦੇ ਪ੍ਰਗਟਾਵੇ ਰਾਹੀਂ ਅਸੀਂ ਦੂਜਿਆਂ ਨਾਲ ਇੱਕਮਿੱਕ ਹੋ ਸਕਦੇ ਹਾਂ, ਅਸਲ ਵਿੱਚ ਉਹੀ ਸੱਚੀਆਂ ਭਾਵਨਾਵਾਂ ਹਨ । ਪਿਆਰ ਸਾਨੂੰ, ਦੂਜਿਆਂ ਨਾਲ ਮਿਲਾਉਂਦਾ ਹੈ, ਉੱਥੇ ਅਹੰਕਾਰ ਸਾਨੂੰ ਇੱਕ-ਦੂਜੇ ਤੋਂ ਅਲੱਗ ਕਰਦਾ ਹੈ । ਜਿਸ ਅੰਦਰ ਅਹੰਕਾਰ ਦੀ ਮਾਤਰਾ ਵਧੇਰੇ ਹੁੰਦੀ ਹੈ, ਉਹ ਦੂਜਿਆਂ ਨਾਲ ਕਿਵੇਂ ਮਿਲੇਗਾ ? ਇਸੇ ਲਈ ਪ੍ਰੇਮ, ਇੱਕ ਸੱਚਾ ਭਾਵ ਹੈ ਅਤੇ ਅਹੰਕਾਰ, ਇੱਕ ਤਰ੍ਹਾਂ ਦਾ ਝੂਠਾ ਭਾਵ ਹੈ ।

ਭਗਤੀ ਭਾਵਨਾ ਦੇ ਪ੍ਰਗਟਾਵੇ ਲਈ, ਕਿਸੇ ਪ੍ਰਤੱਖ ਵਸਤੂ ਦੀ ਲੋੜ ਹੁੰਦੀ ਹੈ । ਦਇਆ ਕਰਨ ਲਈ ਵੀ, ਉਸ ਨੂੰ ਹਾਸਿਲ ਕਰਨ ਵਾਲੇ ਦੀ ਲੋੜ ਹੁੰਦੀ ਹੈ । ਸਹਿਣਸ਼ੀਲਤਾ ਅਤੇ ਸਾਹਸ ਵਿਖਾਉਣ ਲਈ ਵੀ ਸਾਨੂੰ, ਕਿਸੇ ਨਾ ਕਿਸੇ ਹਾਸਿਲ-ਕਰਤਾ ਦੀ ਜ਼ਰੂਰਤ ਹੁੰਦੀ ਹੈ । ਇਸ ਦਾ ਅਰਥ ਇਹ ਹੈ ਕਿ ਸਾਡੇ ਭਾਵਾਂ ਨੂੰ

ਜਗਾਉਣ ਲਈ ਕੋਈ ਬਾਹਰਲਾ ਤੱਤ, ਇਕਸੁਰਤਾ ਬਣਾਉਣ ਲਈ ਲਾਜ਼ਮੀ ਹੈ । ਜੇਕਰ ਬਾਹਰੀ ਪ੍ਰਕਿਰਤੀ ਦਾ ਸਾਡੇ ਉਪਰ ਕੋਈ ਅਸਰ ਨਾ ਪਵੇ; ਜੇਕਰ ਅਸੀਂ ਕਿਸੇ ਨੂੰ, ਉਸ ਦੇ ਪੁੱਤਰ ਦੀ ਮੌਤ 'ਤੇ ਵਿਹਲਾਪ ਕਰਦਿਆਂ ਵੇਖ ਕੇ, ਹੰਝੂਆਂ ਦੀਆਂ ਚਾਰ ਬੂੰਦਾਂ ਨਹੀਂ ਡਿੱਗਾ ਸਕਦੇ; ਜੇਕਰ ਅਸੀਂ ਕਿਸੇ ਅਨੰਦਿਤ ਹੋਏ ਮਨੁੱਖ ਨੂੰ ਵੇਖ ਕੇ, ਆਪ ਅਨੰਦਿਤ ਨਹੀਂ ਹੋ ਸਕਦੇ; ਤਾਂ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ 'ਨਿਰਵਾਣ' ਹਾਸਿਲ ਕਰ ਚੁੱਕੇ ਹਾਂ । ਭਾਵ ਅਸੀਂ ਪ੍ਰਵਿਰਤੀ ਦੇ ਮਾਰਗ ਦੇ ਰਾਹੀ ਹਾਂ । ਅਜਿਹੀ ਸਥਿਤੀ ਵਿੱਚ, ਸਾਹਿਤ ਦਾ ਕੋਈ ਮੁੱਲ ਨਹੀਂ ਹੁੰਦਾ । ਸੱਚਾ ਸਾਹਿਤਕਾਰ, ਉਹੀ ਹੋ ਸਕਦਾ ਹੈ, ਜੋ ਦੁਨੀਆ ਦੇ ਦੁੱਖ-ਸੁੱਖ ਵਿੱਚ, ਦੁੱਖੀ ਜਾਂ ਸੁੱਖੀ ਹੋ ਸਕੇ ਅਤੇ ਜਾਂ ਫਿਰ, ਦੂਜਿਆਂ ਅੰਦਰ ਦੁੱਖ ਜਾਂ ਸੁੱਖ ਪੈਦਾ ਕਰ ਸਕੇ । ਸਿਰਫ਼ ਆਪ ਹੀ ਦੁੱਖ ਨੂੰ ਅਨੁਭਵ ਕਰ ਲੈਣਾ, ਕਾਫੀ ਨਹੀਂ ਹੈ । ਕਲਾਕਾਰ ਅੰਤਰ, ਉਸ ਨੂੰ ਪਰਗਟ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ । ਪਰੰਤੂ, ਭਿੰਨ ਭਿੰਨ ਪ੍ਰਸਥਿਤੀਆਂ ਮਨੁੱਖ ਨੂੰ, ਭਿੰਨ ਭਿੰਨ ਦਿਸ਼ਾਵਾਂ ਵਲ ਲੈ ਜਾਂਦੀਆਂ ਹਨ । ਮਨੁੱਖ ਮਾਤਰ ਵਿੱਚ ਸਮਾਨ ਭਾਵਨਾਵਾਂ ਹੋਣ ਦੇ ਬਾਵਜੂਦ ਵੀ, ਪ੍ਰਸਥਿਤੀਆਂ ਵਿੱਚਲੀ ਭਿੰਨਤਾ ਦੀ ਵਜ੍ਹ ਕਰਕੇ, ਉਨ੍ਹਾਂ ਦੇ ਪ੍ਰਤਿਉੱਤਰ ਅਲੱਗ ਅਲੱਗ ਹੋਣਗੇ । ਜੇਕਰ ਅਸੀਂ ਕਿਸਾਨਾਂ ਦੇ ਵਿੱਚ ਰਹਿੰਦੇ ਹਾਂ, ਜਾਂ ਫਿਰ, ਸਾਨੂੰ ਉਨ੍ਹਾਂ ਦੇ ਨਾਲ ਰਹਿਣ ਦਾ ਮੌਕਾ ਮਿਲਦਾ ਹੈ, ਤਾਂ ਸੁਭਾਵਕ ਹੀ ਅਸੀਂ ਉਨ੍ਹਾਂ ਦੇ ਦੁੱਖ-ਸੁੱਖ ਨੂੰ ਸਮਝਣ ਲਗਦੇ ਹਾਂ ਅਤੇ ਅਸੀਂ ਉਸੇ ਮਾਤਰਾ ਵਿੱਚ ਪ੍ਰਭਾਵਿਤ ਹੁੰਦੇ ਹਾਂ ਜਿੰਨੀ ਕਿ ਸਾਡੇ ਭਾਵਾਂ ਵਿੱਚ ਡੂੰਘਾਈ ਹੁੰਦੀ ਹੈ । ਠੀਕ ਇਸੇ ਤਰ੍ਹਾਂ ਬਾਕੀ ਦੀਆਂ ਪ੍ਰਸਥਿਤੀਆਂ ਨੂੰ ਵੀ ਸਮਝਣਾ ਚਾਹੀਦਾ ਹੈ । ਜੇਕਰ ਇਸ ਦਾ ਅਰਥ ਇਹ ਲਗਾਇਆ ਜਾਵੇ ਕਿ ਕੁੱਝ ਵਿਅਕਤੀ, ਕਿਸਾਨਾਂ ਦਾ ਜਾਂ ਮਜ਼ਦੂਰਾਂ ਦਾ ਅਤੇ ਜਾਂ ਫਿਰ, ਕਿਸੇ ਅੰਦੋਲਨ ਦਾ ਪ੍ਰਚਾਰ ਕਰ ਰਿਹਾ ਹੈ ਤਾਂ ਇਹ ਅਨਿਆਂ ਹੋਵੇਗਾ । 'ਸਾਹਿਤ' ਅਤੇ 'ਪ੍ਰਚਾਰ' ਵਿੱਚ ਕੀ ਅੰਤਰ ਹੈ ? ਪ੍ਰਚਾਰ ਵਿੱਚ, ਜੇਕਰ ਸਵੈ-ਵਿਗਿਆਪਨ ਨਾ ਹੋਵੇ, ਤਾਂ ਇੱਕ ਵਿਸ਼ੇਸ਼ ਪ੍ਰਕਾਰ ਦੇ ਉਦੇਸ਼ ਨੂੰ ਪੂਰਾ ਕਰਨ ਦੀ ਉਹ ਉਤਸੁਕਤਾ ਹੁੰਦੀ ਹੈ, ਜੋ ਸਾਧਨਾਂ ਦੀ ਪ੍ਰਵਾਹ ਨਹੀਂ ਕਰਦੀ । ਸਾਹਿਤ, ਇੱਕ ਅਜਿਹੀ ਸ਼ੀਤਲ ਤੇ ਮੰਦ ਸਮੀਰ ਹੈ, ਜੋ ਸਾਰਿਆਂ ਨੂੰ ਠੰਢਕ ਪਹੁੰਚਾਉਂਦੀ ਅਤੇ ਅਨੰਦਿਤ ਕਰਦੀ ਹੈ । ਪ੍ਰਚਾਰ, ਇੱਕ ਤਰ੍ਹਾਂ ਦੀ ਹਨੇਰੀ ਹੈ, ਜੋ ਹਰੇ-ਭਰੇ ਪੇੜ੍ਹਾਂ ਨੂੰ ਉਖਾੜ ਸੁੱਟਦੀ ਹੈ । ਅਤੇ ਉਹ, ਝੌਂਪੜੀਆਂ ਤੇ ਮਹੱਲਾਂ ਨੂੰ ਹਿਲਾਕੇ ਰੱਖ ਦਿੰਦੀ ਹੈ । ਉਹ ਰਸਹੀਣ ਹੋਣ ਦੇ ਕਾਰਣ, ਅਨੰਦ ਦੀ ਵਸਤੂ ਨਹੀਂ ਹੈ । ਪਰ, ਜੇਕਰ ਕੋਈ ਚੁਸਤ-ਸਿਆਣਾ ਕਲਾਕਾਰ, ਉਸ ਵਿੱਚ ਸੁੰਦਰਤਾ ਅਤੇ ਰਸ ਭਰਨ ਵਿੱਚ ਕਾਮਯਾਬ ਹੋ ਜਾਂਦਾ ਹੈ, ਤਾਂ ਉਹ, ਪ੍ਰਚਾਰ ਮਾਤਰ ਚੀਜ਼ ਨਾ ਹੋ ਕੇ, ਇੱਕ ਚੰਗੇ ਸਾਹਿਤ ਦੀ ਵਸਤੂ ਬਣ ਜਾਂਦੀ ਹੈ ।

(a) ਆਲੋਚਨਾ ਨੂੰ ਸਾਹਿਤ ਦਾ ਅੰਗ ਕਿਉਂ ਮੰਨਿਆ ਜਾਂਦਾ ਹੈ ? 12

(b) ਸੱਚੇ ਅਤੇ ਝੂਠੇ ਭਾਵਾਂ ਦੇ ਪ੍ਰਗਟਾਵੇ ਤੋਂ ਕੀ ਭਾਵ ਹੈ ? 12

(c) ਮਨ ਦੀ ਸੁਭਾਵਕ ਪ੍ਰਵਿਰਤੀ ਕੀ ਨਹੀਂ ਹੈ ? 12

(d) ਲੇਖਕ ਦੀ ਦ੍ਰਿਸ਼ਟੀ ਵਿੱਚ, ਸੱਚਾ ਸਾਹਿਤਕਾਰ ਕੌਣ ਹੋ ਸਕਦਾ ਹੈ ? 12

(e) ਸਾਹਿਤ ਅਤੇ ਪ੍ਰਚਾਰ ਵਿੱਚ ਕੀ ਅੰਤਰ ਹੈ ? 12

Adda247 GET IT ON Google Play

**Q3. ਹੇਠ ਲਿਖੇ ਪੈਰ੍ਹੇ ਦਾ ਸਾਰ, ਲਗਭਗ ਇੱਕ-ਤਿਹਾਈ ਸ਼ਬਦਾਂ ਵਿੱਚ ਲਿਖੋ। ਇਸਦਾ ਸਿਰਲੇਖ ਲਿਖਣ ਦੀ ਜ਼ਰੂਰਤ ਨਹੀਂ ਹੈ। ਸੰਖੇਪ ਸਾਰ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।** *60*

ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਈਰਖਾ, ਵਿਅਕਤੀ-ਵਿਸ਼ੇਸ਼ ਨਾਲ ਹੁੰਦੀ ਹੈ। ਇਹ ਨਹੀਂ ਹੁੰਦਾ ਕਿ ਜਿਸ ਕਿਸੇ ਨੂੰ ਵੀ ਖੁਸ਼ਹਾਲ ਵੇਖਿਆ, ਉਸ ਨੂੰ ਗੁਣਾਂ ਜਾਂ ਮਾਣ ਨਾਲ ਸੰਪੰਨ ਵੇਖਿਆ, ਉਸੇ ਨਾਲ ਈਰਖਾ ਹੋ ਗਈ। ਈਰਖਾ, ਉਨ੍ਹਾਂ ਦੇ ਨਾਲ ਹੀ ਹੁੰਦੀ ਹੈ, ਜਿਨ੍ਹਾਂ ਬਾਰੇ ਅਸੀਂ ਵਿਸ਼ਵਾਸ ਕਰ ਲੈਂਦੇ ਹਾਂ ਕਿ ਉਨ੍ਹਾਂ ਨੇ, ਸਾਡੀ ਤੁਲਨਾ ਕੀਤੀ ਹੈ ਅਤੇ ਜਾਂ ਫਿਰ, ਉਹ ਦੂਜੇ ਵਿਅਕਤੀਆਂ ਨਾਲ ਸਾਡੀ ਤੁਲਨਾ ਕਰਨਗੇ, ਅਤੇ ਉਨ੍ਹਾਂ ਦੇ ਮੁਕਾਬਲੇ ਵਿੱਚ ਸਾਨੂੰ ਤਰਸਯੋਗ ਸਾਬਿਤ ਕਰਨਗੇ। ਆਪਣੇ ਤੋਂ ਦੂਰ ਹੋਣ ਕਾਰਨ ਅਤੇ ਜਿਨ੍ਹਾਂ 'ਤੇ ਲੋਕਾਂ ਦਾ ਧਿਆਨ ਨਹੀਂ ਜਾਂਦਾ, ਉਨ੍ਹਾਂ ਪ੍ਰਤਿ ਸਾਡੀ ਈਰਖਾ ਉਤਪੰਨ ਨਹੀਂ ਹੁੰਦੀ। ਕਾਸ਼ੀ ਵਿੱਚ ਰਹਿਣ ਵਾਲੇ ਕਿਸੇ ਅਮੀਰ ਬੰਦੇ ਨੂੰ, ਯੂਰਪ ਦੇ ਕਿਸੇ ਧਨਵਾਨ ਦੀ ਗੱਲ ਸੁਣ ਕੇ, ਈਰਖਾ ਨਹੀਂ ਹੁੰਦੀ। ਹਿੰਦੀ ਦੇ ਕਿਸੇ ਕਵੀ ਨੂੰ, ਅੰਗਰੇਜ਼ੀ ਭਾਸ਼ਾ ਦੇ ਕਿਸੇ ਕਵੀ ਦਾ ਮਹੱਤਵ ਸੁਣਕੇ, ਈਰਖਾ ਨਹੀਂ ਹੁੰਦੀ। ਰਿਸ਼ਤੇਦਾਰਾਂ, ਬਚਪਨ ਦੇ ਸਾਥੀਆਂ, ਸਹਿ-ਪਾਠੀਆਂ ਅਤੇ ਪੜੋਸੀਆਂ ਦੇ ਵਿਚਕਾਰ, ਈਰਖਾ ਦਾ ਵਿਕਾਸ, ਵਧੇਰੇ ਵੇਖਣ ਨੂੰ ਮਿਲਦਾ ਹੈ। ਬਚਪਨ ਵਿੱਚ ਜੋ ਆਦਮੀ, ਇੱਕ-ਦੂਜੇ ਨਾਲ ਉੱਠਦੇ-ਬੈਠਦੇ ਵੇਖੇ ਗਏ ਹਨ, ਉਨ੍ਹਾਂ 'ਚੋਂ ਹੀ ਕੋਈ ਇੱਕ-ਦੂਜੇ ਦੇ ਅੱਗੇ ਵੱਧਣ 'ਤੇ, ਈਰਖਾ ਵਿੱਚ ਸੜਦਾ-ਬਲਦਾ ਵੇਖਿਆ ਗਿਆ ਹੈ। ਜੇਕਰ ਦੋ ਸਾਥੀਆਂ ਵਿੱਚੋਂ ਕੋਈ ਚੰਗੇ ਅਹੁਦੇ 'ਤੇ ਪਹੁੰਚ ਗਿਆ ਤਾਂ ਉਹ, ਅਕਸਰ ਦੂਜੇ ਪ੍ਰਤਿ ਸਾਜ਼ਿਸ਼ਾ ਕਰਦਾ ਵੇਖਿਆ ਜਾਂਦਾ ਹੈ ਕਿ ਕਿਤੇ ਦੂਜਾ, ਕਿਸੇ ਚੰਗੇ ਅਹੁਦੇ 'ਤੇ ਨਾ ਪਹੁੰਚ ਜਾਵੇ। ਅਕਸਰ ਵੇਖਣ ਵਿੱਚ ਆਇਆ ਹੈ ਕਿ ਬੰਦਾ, ਆਪਣੀ ਤਰੱਕੀ ਦੀਆਂ ਗੁਪਤ ਰੁਕਾਵਟਾਂ ਦਾ ਪਤਾ ਲਗਾਉਂਦਿਆਂ ਲਗਾਉਂਦਿਆਂ, ਆਪਣੇ ਕਿਸੇ ਵੱਡੇ ਪੁਰਾਣੇ ਮਿੱਤਰ ਤੱਕ ਪਹੁੰਚ ਜਾਂਦਾ ਹੈ। ਜਿਸ ਵਕਤ ਅਸੀਂ, ਦੂਜਿਆਂ ਨੂੰ ਇੱਕ ਸਮਾਨ ਸੂਤਰ ਵਿੱਚ ਬੰਨ੍ਹ ਕੇ, ਦੂਜਿਆਂ ਨੂੰ ਆਪਣੇ ਨਾਲ ਇੱਕ ਕਤਾਰ ਵਿੱਚ ਖੜ੍ਹੇ ਕਰਦੇ ਹਾਂ, ਉਸ ਵਕਤ ਸਹਾਨਭੂਤੀ, ਸਹਾਇਤਾ ਆਦਿ ਦੀ ਸੰਭਾਵਨਾ ਉਜਾਗਰ ਹੋਣ ਦੇ ਨਾਲ ਨਾਲ, ਈਰਖਾ ਤੇ ਦ੍ਵੈਸ਼ ਦੀ ਸੰਭਾਵਨਾ ਦੀ ਨੀਂਹ ਵੀ ਪੈ ਜਾਂਦੀ ਹੈ। ਆਪਣੇ ਕਿਸੇ ਨੇਮ-ਵਿਧਾਨ ਸਦਕਾ, ਜਦੋਂ ਅਸੀਂ ਸਿਰਫ਼ ਭਲਾਈ ਹੀ ਭਲਾਈ ਦਾ ਗੁਣ-ਗਾਇਣ ਕਰਦੇ ਹਾਂ ਅਤੇ ਇਸ ਤਰ੍ਹਾਂ, ਭਵਿੱਖ ਨੂੰ ਅਨਿਸ਼ਚਿਤਤਾ ਦੇ ਗਰਭ ਵਿੱਚ ਨਹੀਂ ਧਕੇਲਦੇ, ਇਹ ਕਦੇ ਹੋ ਹੀ ਨਹੀਂ ਸਕਦਾ। ਭਵਿੱਖ ਦੀ ਅਨਿਸ਼ਚਿਤਤਾ, ਅਟੱਲ ਅਤੇ ਅਜਿੱਤ ਹੈ। ਆਪਣੇ ਗਿਆਨ ਵਿੱਚ ਅਤਿਅੰਤ ਵਾਧਾ ਕਰਕੇ ਵੀ, ਅਸੀਂ ਉਸ ਨੂੰ ਹਰਾ ਨਹੀਂ ਸਕਦੇ।

ਹੁਣ ਧਿਆਨ ਦੇਣ ਵਾਲੀ ਗੱਲ ਇਹ ਨਿਕਲੀ ਕਿ ਈਰਖਾ ਦੇ ਸੰਸਾਰ ਲਈ, ਈਰਖਾ ਕਰਨ ਵਾਲੇ ਅਤੇ ਈਰਖਾ ਦੇ ਪਾਤਰਾਂ ਤੋਂ ਇਲਾਵਾ, ਸਥਿਤੀ 'ਤੇ ਧਿਆਨ ਦੇਣ ਵਾਲੇ ਸਮਾਜ ਦੀ ਵੀ ਜ਼ਰੂਰਤ ਹੈ। ਇਸੇ ਸਮਾਜ ਦੀ ਧਾਰਣਾ 'ਤੇ ਪ੍ਰਭਾਵ ਪਾਉਣ ਦੇ ਲਈ ਹੀ, ਈਰਖਾ ਕੀਤੀ ਜਾਂਦੀ ਹੈ। ਖੁਸ਼ਹਾਲੀ, ਗੁਣ ਜਾਂ ਮਾਣ ਦਾ ਗੁਪਤ ਰੂਪ ਵਿੱਚ, ਬਿਨਾਂ ਕਿਸੇ ਸਮੁਦਾਏ ਨੂੰ ਦੱਸੇ, ਉਹ ਸੁੱਖ ਜਾਂ ਸੰਤੋਖ ਨੂੰ ਭੋਗਣ ਲਈ ਹੀ ਨਹੀਂ। ਜੇਕਰ ਅਸੀਂ ਅਸਲ ਵਿੱਚ ਖੁਸ਼ਹਾਲ ਜਾਂ ਗੁਣ-ਸੰਪੰਨ ਨਹੀਂ, ਜਿਵੇਂ ਕਿ ਕੋਈ ਹੋਰ ਹੈ। ਪਰ, ਜੇਕਰ ਸਮਾਜ

Adda247 GET IT ON Google Play

ਸਾਨੂੰ ਉਤਮ ਜਾਂ ਉਸ ਦੇ ਤੁੱਲ ਸਮਝਦਾ ਹੈ ਤਾਂ ਅਸੀਂ ਸੰਤੁਸ਼ਟ ਰਹਾਂਗੇ । ਈਰਖਾ ਦਾ ਘੋਰ ਕਸ਼ਟ ਸਾਨੂੰ ਨਹੀਂ ਚੁੱਕਣਾ ਪਵੇਗਾ । ਕਿਹੋ ਜਿਹੀ ਅਨੋਖੀ ਗੱਲ ਹੈ ਕਿ ਕਿਸੇ ਵਸਤੂ-ਪ੍ਰੇਰਿਤ ਤੋਂ ਵੰਚਿਤ ਰਹਿ ਕੇ ਵੀ ਅਸੀਂ, ਸਮਾਜ ਦੀ ਧਾਰਣਾ-ਮਾਤਰ ਤੋਂ ਸੰਤੁਸ਼ਟ ਰਹਿੰਦੇ ਹਾਂ । ਈਰਖਾ, ਸਮਾਜਕ-ਜੀਵਨ ਦੇ ਨਕਲੀਪਨ ਤੋਂ ਉਤਪੰਨ, ਇੱਕ ਜ਼ਹਿਰ ਹੈ । ਇਸ ਦੇ ਪ੍ਰਭਾਵ ਨਾਲ ਅਸੀਂ ਦੂਸਰੇ ਦੀ ਵੱਧ ਰਹੀ ਪ੍ਰਫੁੱਲਤਾ ਤੋਂ, ਆਪਣੀ ਕੋਈ ਵਾਸਤਵਿਕ ਹਾਨੀ ਨਾ ਦੇਖ ਕੇ ਵੀ, ਖ਼ਾਹਮਖਾਹ ਦੁੱਖੀ ਹੁੰਦੇ ਹਾਂ ।

ਇੱਕ ਜੱਜ, ਨਿਆਂ ਕਰਦਾ ਹੈ; ਕਾਰੀਗਰ, ਇੱਟਾਂ ਜੋੜਦਾ ਹੈ । ਸਮਾਜ-ਕਲਿਆਣ ਦੇ ਵਿਚਾਰ ਤੋਂ, ਜੱਜ ਦੇ ਸਾਧਾਰਣ ਵਿਵਹਾਰ ਵਿੱਚ ਕਾਰੀਗਰ ਸੰਬੰਧੀ ਇਹ ਪਰਗਟ ਕਰਨਾ ਕਿ ਉਹ, ਉਸ ਤੋਂ ਛੋਟਾ ਹੈ । ਜਿਸ ਜਾਤੀ ਵਿੱਚ ਇਸ 'ਛੋਟੇਪਨ' ਅਤੇ 'ਵੱਡੇਪਨ' ਦਾ ਹੰਕਾਰ, ਜਗ੍ਹਾ ਜਗ੍ਹਾ 'ਤੇ ਜੰਮਕੇ ਦ੍ਰਿੜ੍ਹ ਹੋ ਜਾਂਦਾ ਹੈ ਤਾਂ ਉਸ ਜਾਤੀ ਦੇ ਭਿੰਨ ਭਿੰਨ ਵਰਗਾਂ ਵਿੱਚ, ਸਥਾਈ ਈਰਖਾ ਸਥਾਪਤ ਹੋ ਜਾਂਦੀ ਹੈ ਅਤੇ ਸਮੂਹ ਸ਼ਕਤੀ ਦਾ ਵਿਕਾਸ, ਬਹੁਤ ਘੱਟ ਮੌਕਿਆ 'ਤੇ ਵੇਖਿਆ ਜਾਂਦਾ ਹੈ । ਜੇਕਰ ਸਮਾਜ ਵਿੱਚ ਕੰਮ ਦੀ, ਜਿਨ੍ਹਾਂ ਰਾਹੀਂ ਭਿੰਨ ਭਿੰਨ ਪ੍ਰਾਣੀ ਜੀਵਨ ਨਿਰਵਾਹ ਕਰਦੇ ਹਨ, ਆਪਸੀ 'ਛੋਟੇਪਨ' ਜਾਂ 'ਵੱਡੇਪਨ' ਦਾ ਢਿੰਡੋਰਾ ਨਾ ਪਿਟਿਆ ਜਾਏ; ਬਲਕਿ ਉਨ੍ਹਾਂ ਦੀ ਵਿਭਿੰਨਤਾ ਨੂੰ ਹੀ ਸਵੀਕਾਰ ਕੀਤਾ ਜਾਏ; ਤਾਂ ਬਹੁਤ ਸਾਰਾ ਅਸੰਤੋਖ ਦੂਰ ਹੋ ਜਾਵੇਗਾ । ਜਿੱਥੇ ਕਿਤੇ ਇਸ ਛੋਟੇਪਨ-ਵੱਡੇਪਨ ਦਾ ਬਹੁਤ ਪ੍ਰਚਾਰ ਹੋ ਜਾਂਦਾ ਹੈ ਅਤੇ ਜੀਵਨ-ਵਿਵਹਾਰਾਂ ਵਿੱਚ ਸਪੱਸ਼ਟ ਰੂਪ ਵਿੱਚ ਵਿਖਾਈ ਦੇਂਦਾ ਹੈ; ਉੱਥੇ ਲੋਕਾਂ ਦੀਆਂ ਸ਼ਕਤੀਆਂ, ਸਿਰਫ਼ ਕੁੱਝ ਹੀ ਵਿਸ਼ੇਸ਼ ਥਾਵਾਂ ਦੀ ਤਰਫ਼ ਪ੍ਰਵਿਰਤ ਹੋ ਕੇ, ਉਨ੍ਹਾਂ ਥਾਵਾਂ 'ਤੇ ਇਕੱਠੀਆਂ ਹੋਣ ਲਗਦੀਆਂ ਹਨ ਅਤੇ ਸਮਾਜ ਦੇ ਕੰਮਾਂ ਦੇ ਵਿਭਾਗਾਂ ਵਿਚ ਅਸਾਵਾਂਪਨ ਆ ਜਾਂਦਾ ਹੈ । *(640 ਸ਼ਬਦ)*

**Q4. ਹੇਠ ਲਿਖੇ ਗੱਦ-ਟੋਟੇ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ :** *20*

ਕੁਟੀਰ ਉਦਯੋਗਾਂ, ਜਾਂ ਫਿਰ, ਲਘੂ ਉਦਯੋਗਾਂ ਬਾਰੇ ਚਰਚਾ, ਅੱਜ ਭਾਰਤ ਵਿੱਚ ਇੱਕ ਵੇਰਾਂ ਫਿਰ ਜ਼ੋਰ ਫੜ ਰਹੀ ਹੈ । ਇਸ ਤਰ੍ਹਾਂ ਦੇ ਉਦਯੋਗ-ਧੰਦਿਆਂ ਦੇ ਮੂਲ ਵਿੱਚ, ਅਜਿਹੇ ਘਰੇਲੂ ਕਿਸਮ ਦੇ ਛੋਟੇ-ਛੋਟੇ ਕੰਮ-ਧੰਦਿਆਂ ਦੀ ਪਰਿਕਲਪਨਾ ਛੁਪੀ ਹੋਈ ਹੈ, ਜਿਨ੍ਹਾਂ ਨੂੰ ਛੋਟੀ ਜਿਹੀ ਥਾਂ 'ਤੇ ਥੋੜ੍ਹੀ ਜਿਹੀ ਪੂੰਜੀ ਅਤੇ ਥੋੜ੍ਹੇ ਜਿਹੇ ਕਾਮਿਆਂ ਦੀ ਮੱਦਦ ਨਾਲ ਸਥਾਪਤ ਕਰਕੇ, ਕੋਈ ਵੀ ਇਨਸਾਨ ਉਤਪਾਦਨ ਦਾ ਭਾਗੀਦਾਰ ਬਣਕੇ, ਆਪਣੀ ਰੋਜ਼ੀ-ਰੋਟੀ ਦੀ ਸਮੱਸਿਆ ਹੱਲ ਕਰ ਸਕਦਾ ਹੈ; ਬੇਰੁਜ਼ਗਾਰੀ ਦੀ ਸਮੱਸਿਆ ਨਾਲ ਲੜ ਕੇ, ਸਮਾਨ ਪੱਧਰ 'ਤੇ ਆਪਣਾ ਜੀਵਨ ਜੀਅ ਸਕਦਾ ਹੈ । ਭਾਰਤ ਜਿਹੇ ਦੇਸ਼ ਲਈ, ਇਸ ਤਰ੍ਹਾਂ ਦੇ ਛੋਟੇ ਉਦਯੋਗ-ਧੰਦੇ ਹੀ ਕਾਰਗਰ ਸਾਬਿਤ ਹੋ ਸਕਦੇ ਹਨ । ਇਹ ਗੱਲ, ਮਹਾਤਮਾ ਗਾਂਧੀ ਜੀ ਨੇ ਸੁਤੰਤਰਤਾ-ਸੰਗਰਾਮ ਦੇ ਦਿਨਾਂ ਵਿੱਚ ਹੀ ਸਮਝ ਲਈ ਹੋਈ ਸੀ । ਉਨ੍ਹਾਂ ਨੇ, ਸੁਤੰਤਰ ਭਾਰਤ ਵਿੱਚ ਉਹੋ ਜਿਹੀਆਂ ਹੀ ਇਕਾਈਆਂ ਸਥਾਪਤ ਕਰਨ ਅਤੇ ਪਰੰਪਰਾਗਤ ਉਦਯੋਗਾਂ ਦਾ ਨਵੀਨੀਕਰਨ ਕਰਨ ਦੀ ਪ੍ਰੇਰਨਾ ਦਿੱਤੀ ਸੀ । ਇਸ ਸੁਤੰਤਰਤਾ ਪ੍ਰਾਪਤੀ ਦੇ ਮਗਰੋਂ, ਸਾਡੀ ਅਗਵਾਈ ਕਰ ਰਹੇ ਨੇਤਾਵਾਂ ਨੇ, ਇਸ

Adda247 GET IT ON Google Play

ਤਰਫ਼ ਕੋਈ ਧਿਆਨ ਨਹੀਂ ਦਿੱਤਾ । ਵੱਡੇ ਵੱਡੇ ਉਦਯੋਗ-ਧੰਦੇ, ਇੱਥੇ ਪਣਪੇ ਅਤੇ ਉਹ ਵੀ ਸਮਰੱਥ ਲੋਕਾਂ ਦੀ ਨਿੱਜੀ ਸੰਪਤੀ ਬਣਕੇ ਰਹਿ ਗਏ । ਇਧਰ ਵੱਧ ਰਹੀ ਜਨਸੰਖਿਆ, ਸਿੱਖਿਆ ਦਾ ਪ੍ਰਚਾਰ, ਜਾਗਰਤੀ, ਅਧਿਕਾਰਾਂ ਦੀ ਮੰਗ ਅਤੇ ਪਛਾਣ, ਬੇਕਾਰ ਲੋਕਾਂ ਦੀਆਂ ਨਿਰੰਤਰ ਲੰਮੀਆਂ ਹੋ ਰਹੀਆਂ ਕਤਾਰਾਂ — ਇਸ ਸਭ ਕੁੱਝ ਨੇ ਅੱਜ ਦੇ ਜਾਗਰੂਕ ਚਿੰਤਕਾਂ ਨੂੰ ਮਜਬੂਰ ਕਰ ਦਿੱਤਾ ਹੈ ਕਿ ਦੇਰ ਨਾਲ ਹੀ ਸਹੀ, ਦੇਸ਼ ਦੀਆਂ ਇਸ ਤਰ੍ਹਾਂ ਦੀਆਂ ਵੱਧ ਰਹੀਆਂ ਸਮੱਸਿਆਵਾਂ ਨਾਲ ਨਿਪਟਣ ਲਈ, ਗਾਂਧੀਵਾਦੀ-ਸੂਤਰਾਂ ਨੂੰ ਗ੍ਰਹਿਣ ਕਰਨ — ਜੋ ਕਿ ਇੱਥੋਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਸਮਰੱਥਾ ਰਖਦੇ ਹਨ । ਨਤੀਜੇ ਵਜੋਂ, ਅੱਜ ਦੇਸ਼ ਵਿੱਚ, ਕੁਟੀਰ ਉਦਯੋਗਾਂ ਦਾ ਜਾਲ ਜਿਹਾ ਵਿੱਛਣ ਲਗਿਆ ਹੈ ।

**Q5.** **ਹੇਠ ਲਿਖੇ ਗੱਦ-ਟੋਟੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ :** *20*

In our democratic system, the press has a vital role. While there has been large-scale expansion of the print and visual media in recent years, a focused approach to dealing with major societal and political issues has still to evolve. There is, as yet, excessive and exaggerated coverage of exposures and scandals and far too little well-informed comment or analysis of the various deep-rooted factors which generate the continuing malaise. The media could make an extremely useful contribution by devoting adequate coverage to tasks well done, highlighting the achievements of honest and efficient public servants and organizations, according special attention to developments in the remote and backward areas of our country. Our media is free and unfettered. It should be able to expose cases and incidents involving irregular and unlawful exercise of authority and abuses of all kinds. The existing ills in our socio-political environment will, on present reckoning, take considerable time to remedy. The Department of Personnel and Administrative Reforms should focus on establishing institutions responsible for all personnel matters — appointments, postings, transfers etc. — without any external interference. Also, there is a need for adoption of a robust code of ethics to be followed by those involved in public functioning.

Q6. (a) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : *1×10=10*

(i) ਪੰਜਾਬ *1*

(ii) ਅਮ੍ਰਿਤਸਰ *1*

(iii) ਗਯਾਨ *1*

(iv) ਸੁਚਜੀ *1*

(v) ਮੈਹੰਗਾ *1*

(vi) ਬਯਾਨ *1*

(vii) ਵਿਸੇਸਨ *1*

(viii) ਅਕੱਤੀ *1*

(ix) ਦਰਯਾ *1*

(x) ਨੀਰਵੈਰ *1*

(b) ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਦੇ ਅਰਥ ਦੱਸ ਕੇ, ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ : *2×5=10*

(i) ਕਾਂਜੀ ਘੋਲਣਾ *2*

(ii) ਖਾਨਿਉਂ ਜਾਣਾ *2*

(iii) ਇਹ ਜੱਗ ਮਿੱਠਾ, ਅਗਲਾ ਕਿੰਨ ਡਿੱਠਾ *2*

(iv) ਉੱਖਲੀ ਵਿੱਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ *2*

(v) ਕੱਖਾਂ ਤੋਂ ਹੌਲਾ ਹੋਣਾ *2*



Adda247 GET IT ON Google Play

Adda247 GET IT ON Google Play

(c) ਹੇਠ ਲਿਖੇ ਅਗੇਤਰ-ਪਿਛੇਤਰ ਲਗਾ ਕੇ ਸ਼ਬਦ ਬਣਾਉ : *1×10=10*

(i) ਵੰਤ *1*

(ii) ਆਰੀ *1*

(iii) ਨਿਰ *1*

(iv) ਦਾਨ *1*

(v) ਕਹਿ *1*

(vi) ਹਮ *1*

(vii) ਗੈਰ *1*

(viii) ਨਿਸ਼ *1*

(ix) ਮਹਾਂ *1*

(x) ਆਣੀ *1*

(d) ਹੇਠ ਲਿਖੇ ਵਾਕਾਂ ਦੀ ਥਾਂ 'ਤੇ ਇੱਕ ਇੱਕ ਸ਼ਬਦ ਦੀ ਵਰਤੋਂ ਕਰੋ : *1×10=10*

(i) ਜਿਹੜਾ ਬਹੁਤੀ ਵਿਦਿਆ ਪੜ੍ਹਿਆ ਹੋਵੇ *1*

(ii) ਮੌਤ ਤੋਂ ਪੂਰੇ ਸਾਲ ਬਾਅਦ ਉਹੀ ਤਾਰੀਖ਼ *1*

(iii) ਜਿਸ ਨੂੰ ਸਹਾਰਿਆਂ ਨਾ ਜਾ ਸਕੇ *1*

(iv) ਜਿਹੜਾ ਕਿਸੇ ਦੀ ਕੀਤੀ ਹੋਈ ਨੇਕੀ ਨੂੰ ਜਾਣੇ *1*

(v) ਉਹ ਜਾਇਦਾਦ, ਜੋ ਵੱਡੇ-ਵਡੇਰਿਆਂ ਪਾਸੋਂ ਮਿਲੇ *1*

(vi) ਉਹ ਪਾਠ, ਜੋ ਆਰੰਭ ਤੋਂ ਲੈ ਕੇ ਅੰਤ ਤੱਕ ਅਰੁਕ ਕੀਤਾ ਜਾਏ *1*

(vii) ਜਿਹੜਾ ਅਣਖ ਰੱਖਦਾ ਹੋਵੇ *1*

(viii) ਜਿਹੜਾ ਸੁਭਾਅ ਵਜੋਂ ਮਸਤ-ਮਲੰਗ ਹੋਵੇ *1*

(ix) ਧਾਰਮਕ ਪੱਖ-ਪਾਤ ਰੱਖਣ ਵਾਲਾ *1*

(x) ਦੁੱਧ ਨਾ ਦੇਣ ਵਾਲੀ ਮੱਝ ਜਾਂ ਗਾਂ *1*